# ਬੱਚੇ ਦੀ ਮੈਡੀਕਲ ਦੇਖਭਾਲ

## ਜਨਮ ਸਮੇਂ ਦਿੱਤੀ ਜਾਣ ਵਾਲੀ ਮੈਡੀਕਲ ਦੇਖਭਾਲ

### ਇਲਾਜ

#### ਵਿਟਾਮਿਨ ਕੇ ਦਾ ਟੀਕਾ

ਤੁਹਾਡੇ ਬੱਚੇ ਦੇ ਵਿਟਾਮਿਨ ਕੇ ਦੇ ਸਤਰ ਨੂੰ ਵਧਾਉਣ ਅਤੇ ਗੰਭੀਰ ਬਲੀਡਿੰਗ ਨੂੰ ਰੋਕਣ ਲਈ ਦਿੱਤਾ ਜਾਣ ਵਾਲਾ ਟੀਕਾ। ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਬੱਚੇ ਨੂੰ ਟੀਕਾ ਲਗਾਇਆ ਜਾਵੇ, ਤਾਂ ਵਿਟਾਮਿਨ ਕੇ ਮੂੰਹ ਰਾਹੀਂ ਦਿੱਤਾ ਜਾ ਸਕਦਾ ਹੈ।

#### ਅੱਖਾਂ ਦਾ ਇਲਾਜ

ਤੁਹਾਡੇ ਬੱਚੇ ਨੂੰ ਉਸ ਵੇਲੇ ਵਿਗਾੜਗ੍ਰਸਤ ਹੋਣ ਤੋਂ ਰੋਕਣ ਲਈ ਵਰਤੀ ਜਾਣ ਵਾਲੀ ਐਂਟੀਬਾਇਓਟਿਕ ਮਲ੍ਹਮ ਜਦੋਂ ਤੁਹਾਡੀ ਯੋਨੀ ਵਿੱਚੋਂ ਕੁਝ ਖਾਸ ਬੈਕਟੀਰੀਆ ਡਿਲਿਵਰੀ ਦੌਰਾਨ ਉਸਦੀਆਂ ਅੱਖਾਂ ਵਿੱਚ ਦਾਖਲ ਹੋ ਜਾਂਦੇ ਹਨ। ਜੇ ਇਲਾਜ ਨਾ ਕੀਤਾ ਜਾਵੇ, ਤਾਂ ਕਈ ਵਿਗਾੜਾਂ ਕਰਕੇ ਅੰਨ੍ਹਾਪਣ ਹੋ ਸਕਦਾ ਹੈ।

> **ਕੀ ਤੁਹਾਨੂੰ ਪਤਾ ਹੈ**
>
> ਤੁਹਾਨੂੰ ਅਜਿਹੇ ਕਿਸੇ ਵੀ ਇਲਾਜ ਵਾਸਤੇ ਨਾਂਹ ਕਹਿਣ ਦਾ ਹੱਕ ਹੈ ਜਿਸ ਨਾਲ ਤੁਸੀਂ ਸੁਖਾਵਾਂ ਮਹਿਸੂਸ ਨਹੀਂ ਕਰਦੇ। ਪਰ ਪਹਿਲਾਂ ਸਾਰੀ ਜਾਣਕਾਰੀ ਪ੍ਰਾਪਤ ਕਰੋ। ਜੇ ਤੁਹਾਡੇ ਸਵਾਲ ਜਾਂ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

### ਸਕ੍ਰੀਨਿੰਗਜ਼

#### ਨਿਊਬੋਰਨ ਸਕ੍ਰੀਨਿੰਗ

ਤੁਹਾਡੇ ਬੱਚੇ ਦੀ ਅੱਡੀ ਵਿੱਚੋਂ ਸੂਈ ਚੁਭਾ ਕੇ ਇਹ ਦੇਖਣ ਲਈ ਲਿਆ ਗਿਆ ਖੂਨ ਦਾ ਨਮੂਨਾ ਜੇ ਉਸ ਨੂੰ ਵਿਰਲੀਆਂ ਪਰ ਗੰਭੀਰ ਬਿਮਾਰੀਆਂ ਲਈ ਹੋਰ ਟੈਸਟਿੰਗ ਦੀ ਲੋੜ ਹੈ। ਜਲਦੀ ਕੀਤਾ ਜਾਣ ਵਾਲਾ ਇਲਾਜ ਵਿਕਾਸ ਸੰਬੰਧੀ ਦੇਰੀਆਂ, ਵਾਧੇ ਸੰਬੰਧੀ ਮੁੱਦਿਆਂ ਅਤੇ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਰੋਕ ਸਕਦਾ ਹੈ। ਜੇ ਸਕ੍ਰੀਨਿੰਗ ਦਾ ਨਤੀਜਾ ਪਾਜ਼ਟਿਵ ਹੁੰਦਾ ਹੈ, ਤਾਂ ਉਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੱਚੇ ਨੂੰ ਕੋਈ ਬਿਮਾਰੀ ਹੈ - ਸਿਰਫ਼ ਇਹ ਕਿ ਯਕੀਨੀ ਤੌਰ ਤੇ ਪਤਾ ਕਰਨ ਲਈ ਉਸ ਨੂੰ ਟੈਸਟਿੰਗ ਦੀ ਲੋੜ ਹੋ ਸਕਦੀ ਹੈ। ਸਕ੍ਰੀਨਿੰਗ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਕੀਤੀ ਜਾਂਦੀ ਹੈ, ਜਾਂ ਜੇ ਤੁਸੀਂ ਘਰ ਵਿੱਚ ਜਨਮ ਦਿੱਤਾ ਹੈ ਤਾਂ ਤੁਹਾਡੇ ਦੇਖਭਾਲ ਪ੍ਰਦਾਤਾ ਦੁਆਰਾ ਘਰ ਵਿੱਚ।

> **ਇਹ ਅਜ਼ਮਾਓ**
>
> ਤੁਹਾਡੇ ਬੱਚੇ ਦਾ ਖੂਨ ਲਏ ਜਾਣ ਦੌਰਾਨ, ਉਸ ਨੂੰ ਦਿਲਾਸਾ ਦਿਓ ਅਤੇ ਚਮੜੀ ਨਾਲ ਚਮੜੀ ਲਗਾ ਕੇ ਪਿਆਰ ਕਰਕੇ ਜਾਂ ਛਾਤੀ ਦਾ ਦੁੱਧ ਪਿਲਾ ਕੇ ਉਸਦੀ ਦਰਦ ਨੂੰ ਘਟਾਉਣ ਵਿੱਚ ਸਹਾਇਤਾ ਕਰੋ।

#### ਸੁਣਨ ਸ਼ਕਤੀ ਦੀ ਮੁਢਲੀ ਸਕ੍ਰੀਨਿੰਗ

ਹਸਪਤਾਲ, ਪਬਲਿਕ ਹੈਲਥ ਆਫਿਸਾਂ ਅਤੇ ਕਮਿਊਨਿਟੀ ਹਿਅਰਿੰਗ ਕਲੀਨਿਕਾਂ ਵਿੱਚ ਕੀਤੀ ਜਾਣ ਵਾਲੀ ਟੈਸਟਿੰਗ। ਕਿਉਂਕਿ ਸੁਣਨ ਸ਼ਕਤੀ ਬਦਲ ਸਕਦੀ ਹੈ, ਆਪਣੇ ਬੱਚੇ ਦੀ ਮੁੜ ਕੇ ਜਾਂਚ ਕਰਵਾਉਣਾ ਮਹੱਤਵਪੂਰਨ ਹੈ ਜੇ ਉਸਦੀ ਸੁਣਨ ਸ਼ਕਤੀ, ਬੋਲੀ ਜਾਂ ਭਾਸ਼ਾ ਦੇ ਵਿਕਾਸ ਸੰਬੰਧੀ ਤੁਹਾਡੀਆਂ ਭਵਿੱਖ ਦੀਆਂ ਕੋਈ ਚਿੰਤਾਵਾਂ ਹਨ।

> **ਕੀ ਤੁਹਾਨੂੰ ਪਤਾ ਹੈ**
>
> ਜੇ ਤੁਹਾਡਾ ਬੱਚਾ ਸੁਣਨ ਸ਼ਕਤੀ ਦੀ ਸ਼ੁਰੂਆਤੀ ਸਕ੍ਰੀਨਿੰਗ ਵਿੱਚੋਂ ਪਾਸ ਨਹੀਂ ਹੁੰਦਾ, ਤਾਂ ਉਸ ਨੂੰ ਹੋਰ ਟੈਸਟਿੰਗ ਦੀ ਲੋੜ ਹੋਵੇਗੀ। ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਉਸਦੀ ਸੁਣਨ ਸ਼ਕਤੀ ਵਿੱਚ ਕਮੀ ਹੈ।

### ਵਿਕਲਪਿਕ ਦਖ਼ਲ

#### ਸੁੰਨਤ (Circumcision)

ਲਿੰਗ ਦੇ ਸਿਰੇ ਨੂੰ ਢਕਣ ਵਾਲੀ ਚਮੜੀ ਦੀ ਝਿੱਲੀ ਨੂੰ ਹਟਾਉਣ ਲਈ ਕੀਤੀ ਜਾਣ ਵਾਲੀ ਸਰਜਰੀ। ਹਾਲਾਂਕਿ ਕਨੇਡੀਅਨ ਪੀਡੀਐਟ੍ਰਿਕ ਸੋਸਾਇਟੀ ਦੁਆਰਾ ਸਿਫਾਰਸ਼ ਨਹੀਂ ਕੀਤੀ ਜਾਂਦੀ ਅਤੇ ਮੈਡੀਕਲ ਸਰਵਿਸਿਜ਼ ਪਲਾਨ ਦੁਆਰਾ ਕਵਰ ਨਹੀਂ ਕੀਤੀ ਜਾਂਦੀ, ਤੁਸੀਂ ਆਪਣੇ ਵਿਸ਼ਵਾਸਾਂ ਅਤੇ ਰਿਵਾਜਾਂ ਦੇ ਅਧਾਰ ਤੇ ਸੁੰਨਤ ਕਰਵਾਉਣ ਦੀ ਚੋਣ ਕਰ ਸਕਦੇ ਹੋ। ਯਾਦ ਰੱਖੋ ਕਿ ਤੁਹਾਡਾ ਬੱਚਾ ਜੀਵਨ ਵਿੱਚ ਬਾਅਦ ਵਿੱਚ ਸੁੰਨਤ ਕਰਵਾਉਣ ਦੀ ਚੋਣ ਕਰ ਸਕਦਾ ਹੈ।



# ਟੀਕਾਕਰਨ (Immunization)

## ਟੀਕਾਕਰਨ ("ਟੀਕਾ ਲਗਾਉਣਾ"/ "ਵੈਕਸੀਨੇਸ਼ਨ") ਕੀ ਹੈ?

ਆਪਣੇ ਬੱਚੇ ਦੀ ਬਿਮਾਰੀ ਤੋਂ ਰੱਖਿਆ ਕਰਨਾ ਇਸ ਤੋਂ ਪਹਿਲਾਂ ਕਿ ਉਸ ਨੂੰ ਬਿਮਾਰ ਕਰਨ ਦਾ ਮੌਕਾ ਮਿਲਦਾ ਹੈ।

## ਉਹ ਕਿਵੇਂ ਕੰਮ ਕਰਦਾ ਹੈ

ਟੀਕਾਕਰਨ ਸੁਰੱਖਿਆ ਪ੍ਰਣਾਲੀ ਦੁਆਰਾ ਰੋਗਾਣੂਆਂ ਦਾ ਸਾਮ੍ਹਣਾ ਕਰਨ ਵਾਲੇ ਅਜਿਹੇ ਪ੍ਰੋਟੀਨ ("ਐਂਟੀਬੌਡੀਆਂ") ਬਣਾਉਣ ਦਾ ਕਾਰਨ ਬਣ ਕੇ ਸਾਨੂੰ ਸਿਹਤਮੰਦ ਰੱਖਣ ਵਿੱਚ ਸਹਾਇਤਾ ਕਰਦੇ ਹਨ। ਜਦੋਂ ਤੁਸੀਂ ਕਿਸੇ ਖਾਸ ਬਿਮਾਰੀ ਵਿਰੁੱਧ ਆਪਣੀ ਬੱਚੀ ਦਾ ਟੀਕਾਕਰਨ ਕਰਦੇ ਹੋ, ਤਾਂ ਉਹ ਉਸ ਵਿਰੁੱਧ ਸੁਰੱਖਿਆ ਵਿਕਸਤ ਕਰ ਲੈਂਦੀ ਹੈ।

## ਟੀਕਾਕਰਨ ਕਿਉਂ ਕੀਤਾ ਜਾਵੇ

ਟੀਕਾਕਰਨ ਤੁਹਾਡੇ ਬੱਚੇ ਨੂੰ ਗੰਭੀਰ ਬਿਮਾਰੀਆਂ ਹੋਣ ਤੋਂ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੈ ਜਿੰਨ੍ਹਾਂ ਵਿੱਚ ਸ਼ਾਮਲ ਹਨ:

- ਖਸਰਾ (measles) ਅਤੇ ਜਰਮਨ ਖਸਰਾ ("ਰੁਬੈਲਾ")
- ਕੰਨ ਪੇੜੇ (mumps)
- ਹੈਪੇਟਾਈਟਸ ਬੀ (hepatitis B)
- ਡਿਪਥੀਰੀਆ (diphtheria)
- ਟੈਟਨਸ (tetanus)
- ਵੂਪਿੰਗ ਕੱਫ (whooping cough)("ਪਰਟੂਸਿਸ")
- ਪੋਲੀਓ (polio)
- ਮੇਨਿੰਨਜਾਈਟਿਸ (meningitis)
- ਚਿਕਨ ਪੌਕਸ (chicken pox) ("ਵੈਰੀਸੈਲਾ")
- ਐਚਪੀਵੀ ਸੰਬੰਧਤ ਕੈਂਸਰ (HPV-related cancers)
- ਫਲੂ ("ਇੰਨਫਲੂਐਂਜ਼ਾ")
- ਰੋਟਾਵਾਇਰਸ (rotavirus)

ਟੀਕਾਕਰਨ ਕਰਕੇ, ਇੰਨ੍ਹਾਂ ਵਿਚੋਂ ਕੁਝ ਬਿਮਾਰੀਆਂ ਹੁਣ ਕੈਨੇਡਾ ਵਿੱਚ ਵਿਰਲੀਆਂ ਹਨ। ਪਰ ਉਨ੍ਹਾਂ ਦੇ ਕਾਰਨ ਬਣਨ ਵਾਲੇ ਰੋਗਾਣੂ ਅਜੇ ਵੀ ਮੌਜੂਦ ਹਨ ਅਤੇ ਟੀਕਾਕਰਨ ਨਾ ਕੀਤੇ ਗਏ ਕਿਸੇ ਵੀ ਬੱਚੇ ਨੂੰ ਬਹੁਤ ਬਿਮਾਰ ਕਰ ਸਕਦੇ ਹਨ।

### ਕੀ ਤੁਹਾਨੂੰ ਪਤਾ ਹੈ

ਜਦੋਂ ਤੁਸੀਂ ਆਪਣੇ ਬੱਚੇ ਦਾ ਟੀਕਾਕਰਨ ਕਰਦੇ ਹੋ, ਤਾਂ ਤੁਸੀਂ ਵਿਆਪਕ ਭਾਈਚਾਰੇ ਦੀ ਸੁਰੱਖਿਆ ਵੀ ਕਰ ਰਹੇ ਹੋ। ਜਦੋਂ ਵੱਧ ਲੋਕਾਂ ਦਾ ਟੀਕਾਕਰਨ ਕੀਤਾ ਜਾਂਦਾ ਹੈ, ਤਾਂ ਬਿਮਾਰੀ ਉਨੀਂ ਆਸਾਨੀ ਨਾਲ ਨਹੀਂ ਫੈਲ ਸਕਦੀ ਅਤੇ ਸਭ ਤੋਂ ਵੱਧ ਜੋਖਮ ਵਾਲੇ ਲੋਕ - ਉਦਾਹਰਣ ਲਈ, ਬਜ਼ੁਰਗ ਅਤੇ ਟੀਕਾਕਰਨ ਲਈ ਬਹੁਤ ਛੋਟੇ ਬੱਚੇ - ਵੱਧ ਸੁਰੱਖਿਅਤ ਰਹਿੰਦੇ ਹਨ।

## ਟੀਕਾਕਰਨ ਕਦੋਂ ਕੀਤਾ ਜਾਵੇ

ਇਹ ਮਹੱਤਵਪੂਰਨ ਹੈ ਕਿ ਤੁਹਾਡੀ ਬੱਚੀ ਦਾ ਟੀਕਾਕਰਨ ਸਮੇਂ ਸਿਰ ਕੀਤਾ ਜਾਵੇ। ਕਈ ਇੱਕ ਜਾਂ ਦੋ ਵਾਰੀ ਦਿੱਤੇ ਜਾਂਦੇ ਹਨ; ਦੂਸਰੇ ਲੜੀਆਂ ਵਿੱਚ ਦਿੱਤੇ ਜਾਂਦੇ ਹਨ।

ਬ੍ਰਿਟਿਸ਼ ਕੋਲੰਬੀਆ ਵਿੱਚ ਬੱਚਿਆਂ ਦਾ ਟੀਕਾਕਰਨ ਆਮਤੌਰ ਤੇ 2, 4, 6, 12 ਅਤੇ 18 ਮਹੀਨਿਆਂ ਤੇ ਅਤੇ 4 ਤੋਂ 6 ਸਾਲਾਂ, 11 ਸਾਲਾਂ (ਗ੍ਰੇਡ 6) ਅਤੇ 14 ਸਾਲਾਂ (ਗ੍ਰੇਡ 9) ਤੇ ਕੀਤਾ ਜਾਂਦਾ ਹੈ। ਪਰ, ਟੀਕਾਕਰਨ ਦੇ ਕਾਰਜਕ੍ਰਮ ਬਦਲ ਸਕਦੇ ਹਨ। ਜੇ ਤੁਹਾਡੇ ਸਵਾਲ ਹਨ ਤਾਂ ਆਪਣੇ ਡਾਕਟਰ ਜਾਂ ਪਬਲਿਕ ਹੈਲਥ ਨਰਸ ਨਾਲ ਗੱਲ ਕਰੋ, immunizebc.ca ਤੇ ਜਾਓ ਜਾਂ 8-1-1 ਤੇ ਹੈਲਥਲਿੰਕ ਬੀਸੀ ਨੂੰ ਫੋਨ ਕਰੋ।

### ਇਹ ਅਜ਼ਮਾਓ

ਟੀਕਾਕਰਨ ਤੋਂ ਪਹਿਲਾਂ, ਉਸਦੇ ਦੌਰਾਨ ਅਤੇ ਉਸ ਤੋਂ ਬਾਅਦ ਆਪਣੇ ਬੱਚੇ ਨੂੰ ਛਾਤੀ ਦਾ ਦੁੱਧ ਪਿਲਾਓ ਜਾਂ ਉਸ ਨੂੰ ਬਸ ਚਮੜੀ ਨਾਲ ਚਮੜੀ ਲਗਾ ਕੇ ਫੜੋ। ਨੇੜੇ ਫੜੇ ਜਾਣਾ ਉਸ ਨੂੰ ਆਰਾਮ ਦੇਵੇਗਾ, ਚੁੰਘਣਾ ਉਸਦਾ ਧਿਆਨ ਵਟਾਏਗਾ, ਅਤੇ ਤੁਹਾਡੇ ਦੁੱਧ ਵਿੱਚ ਅਜਿਹੇ ਪਦਾਰਥ ਹਨ ਜਿਹੜੇ ਕੁਦਰਤੀ ਤੌਰ ਤੇ ਉਸ ਨੂੰ ਸ਼ਾਂਤ ਕਰ ਸਕਦੇ ਹਨ ਅਤੇ ਉਸਦੀ ਦਰਦ ਨੂੰ ਘਟਾ ਸਕਦੇ ਹਨ।

## ਫਲੂ ਦਾ ਟੀਕਾ

6 ਮਹੀਨੇ ਅਤੇ ਉਸ ਤੋਂ ਵੱਡੇ ਬੱਚਿਆਂ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਨੂੰ ਹਰੇਕ ਫਲੂ ਸੀਜ਼ਨ ਵਿੱਚ ਇੰਨਫਲੂਐਂਜ਼ਾ ਵੈਕਸੀਨ ਪ੍ਰਾਪਤ ਕਰਨੀ ਚਾਹੀਦੀ ਹੈ। ਛੋਟੇ ਬੱਚਿਆਂ ਨੂੰ ਗੰਭੀਰ ਰੂਪ ਨਾਲ ਬਿਮਾਰ ਹੋਣ ਦਾ ਵੱਧ ਜੋਖਮ ਹੈ ਜੇ ਉਨ੍ਹਾਂ ਨੂੰ ਫਲੂ ਹੋ ਜਾਂਦਾ ਹੈ।

### ਇਹ ਅਜ਼ਮਾਓ

ਆਪਣੇ ਬੱਚੇ ਦੇ ਟੀਕਾਕਰਨਾਂ ਦਾ ਟ੍ਰੈਕ ਰੱਖਣ ਲਈ ਚਾਇਲਡ ਹੈਲਥ ਪਾਸਪੋਰਟ (ਤੁਹਾਡੀ ਪਬਲਿਕ ਹੈਲਥ ਨਰਸ ਰਾਹੀਂ ਉਪਲਬਧ) ਜਾਂ immunizebc.ca ਐਪ ਵਰਤੋ।

## ਕੀ ਉਹ ਸੁਰੱਖਿਅਤ ਹੈ?

ਟੀਕਾਕਰਨ ਬਹੁਤ ਸੁਰੱਖਿਅਤ ਹੈ। ਕਈਆਂ ਕਰਕੇ ਜਲਨ ਜਾਂ ਹਲਕਾ ਬੁਖਾਰ ਹੋ ਸਕਦਾ ਹੈ, ਪਰ ਇਹ ਗੌਣ ਪ੍ਰਭਾਵ ਹਲਕੇ ਹੁੰਦੇ ਹਨ ਅਤੇ ਆਮਤੌਰ ਤੇ ਕੇਵਲ 1 ਤੋਂ 2 ਦਿਨਾਂ ਲਈ ਰਹਿੰਦੇ ਹਨ।

### ਕੀ ਤੁਹਾਨੂੰ ਪਤਾ ਹੈ

ਟੀਕਾਕਰਨ ਦੇ ਗੰਭੀਰ ਗੌਣ ਪ੍ਰਭਾਵ (ਜਿਵੇਂ ਕਿ ਤੇਜ਼ ਬੁਖਾਰ) ਬਹੁਤ ਵਿਰਲੇ ਹਨ। ਟੀਕਾਕਰਨ ਨਾ ਕਰਵਾਉਣ ਦੀ ਚੋਣ ਕਰਨਾ ਕਿਧਰੇ ਵੱਧ ਖਤਰਨਾਕ ਹੈ, ਕਿਉਂਕਿ ਬਿਮਾਰੀ ਦੇ ਜੋਖਮ ਗੌਣ ਪ੍ਰਭਾਵਾਂ ਦੀ ਜੋਖਮ ਨਾਲੋਂ ਕਿਧਰੇ ਵੱਧ ਹਨ।

# ਸਿਹਤ ਸੰਬੰਧੀ ਆਮ ਚਿੰਤਾਵਾਂ

## ਕੰਨ ਦਾ ਵਿਗਾੜ

ਬਹੁਤ ਛੋਟੇ ਬੱਚਿਆਂ ਵਿੱਚ ਸੁਣਨ ਸ਼ਕਤੀ ਸੰਬੰਧੀ ਸਮੱਸਿਆਵਾਂ ਦਾ ਸਭ ਤੋਂ ਆਮ ਕਾਰਨ।

### ਤੁਹਾਨੂੰ ਕਿਵੇਂ ਪਤਾ ਲਗੇਗਾ?

ਜੇ ਤੁਹਾਡੀ ਬੱਚੀ ਨੂੰ ਕੰਨ ਦਾ ਵਿਗਾੜ ਹੈ, ਤਾਂ:

- ਉਹ ਚਿੜਚਿੜੀ ਹੋ ਸਕਦੀ ਹੈ
- ਉਸ ਨੂੰ ਦਰਦ ਹੋ ਸਕਦੀ ਹੈ
- ਉਹ ਆਪਣਾ ਹੱਥ ਜਾਂ ਮੁੱਠੀ ਆਪਣੇ ਕੰਨ ਕੋਲ ਰੱਖ ਸਕਦੀ ਹੈ
- ਉਸ ਨੂੰ ਬੁਖ਼ਾਰ ਹੋ ਸਕਦਾ ਹੈ
- ਉਸਦੇ ਕੰਮ ਵਿੱਚੋਂ ਦ੍ਰਵ ਨਿਕਲ ਰਿਹਾ ਹੋ ਸਕਦਾ ਹੈ
- ਉਸ ਨੂੰ ਸੁਣਨ ਵਿੱਚ ਮੁਸ਼ਕਲ ਹੋ ਸਕਦੀ ਹੈ

### ਤੁਸੀਂ ਕੀ ਕਰ ਸਕਦੇ ਹੋ?

ਜੇ ਤੁਹਾਡੇ ਬੱਚੇ ਨੂੰ ਇੰਨ੍ਹਾਂ ਵਿੱਚੋਂ ਕੋਈ ਵੀ ਲੱਛਣ ਹਨ ਤਾਂ ਤੁਰੰਤ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋ।

**ਕੀ ਤੁਹਾਨੂੰ ਪਤਾ ਹੈ**

ਸਿਗਰੇਟ ਦੇ ਧੂੰਏਂ ਵਾਲੇ ਘਰਾਂ ਵਿੱਚ ਰਹਿਣ ਵਾਲੇ ਬੱਚਿਆਂ ਨੂੰ ਕੰਨਾਂ ਦੇ ਜ਼ਿਆਦਾ ਵਿਗਾੜ ਹੁੰਦੇ ਹਨ।

## ਕਰੌਸਡ (“ਅਸਥਿਰ” - wandering) ਅੱਖਾਂ

ਪਹਿਲੇ 6 ਮਹੀਨਿਆਂ ਵਿੱਚ ਸੁਭਾਵਿਕ ਤੌਰ ਤੇ ਵਾਪਰਦਾ ਹੈ।

### ਤੁਹਾਨੂੰ ਕਿਵੇਂ ਪਤਾ ਲਗੇਗਾ?

ਤੁਹਾਡੇ ਬੱਚੇ ਨੂੰ ਅਥਿਰ ਅੱਖਾਂ ਹੋ ਸਕਦੀਆਂ ਹਨ ਜੇ ਉਸਦੀਆਂ ਅੱਖਾਂ ਲਗਾਤਾਰ ਕਰੌਸ ਕਰਦੀਆਂ ਹਨ, ਜਾਂ ਜੇ 6 ਮਹੀਨਿਆਂ ਤੋਂ ਬਾਅਦ ਉਸਦੀਆਂ ਅੱਖਾਂ ਕਰੌਸ ਕਰਨੀਆਂ ਜਾਰੀ ਰਹਿੰਦੀਆਂ ਹਨ। ਕਰੌਸਡ ਅੱਖਾਂ ਦੇ ਪਰਿਵਾਰਕ ਇਤਿਹਾਸ ਵਾਲੇ ਬੱਚਿਆਂ ਦੀ ਪ੍ਰਭਾਵਿਤ ਹੋਣ ਦੀ ਵੱਧ ਸੰਭਾਵਨਾ ਹੈ।

### ਤੁਸੀਂ ਕੀ ਕਰ ਸਕਦੇ ਹੋ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ ਜਾਂ ਹੈਲਥਲਿੰਕ ਬੀਸੀ ਨੂੰ 8-1-1 ਤੇ ਫੋਨ ਕਰੋ।

## ਥਰਸ਼ (Thrush)

ਇੱਕ ਅਜਿਹਾ ਵਿਗਾੜ ਜਿਹੜਾ ਉਸ ਵੇਲੇ ਹੁੰਦਾ ਹੈ ਜਦੋਂ ਸਰੀਰ ਤੇ ਆਮਤੌਰ ਤੇ ਪਾਈ ਜਾਣ ਵਾਲੀ ਇੱਕ ਯੀਸਟ (“ਕੈਂਡਿਡਾ”) ਨਿਯੰਤ੍ਰਣ ਤੋਂ ਬਾਹਰ ਵੱਧ ਜਾਂਦੀ ਹੈ।

### ਤੁਹਾਨੂੰ ਕਿਵੇਂ ਪਤਾ ਲਗੇਗਾ?

ਜੇ ਤੁਹਾਡੀ ਬੱਚੀ ਨੂੰ ਥਰਸ਼ ਹੈ, ਤਾਂ ਸੰਭਵ ਹੈ ਕਿ:

- ਉਸਦੇ ਮੂੰਹ ਦੇ ਅੰਦਰ ਸਫੇਦ ਪੈਚ ਜਾਂ ਉਸਦੇ ਡਾਇਪਰ ਵਾਲੇ ਖੇਤਰ ਵਿੱਚ ਲਾਲ ਰੈਸ਼ ਹੋਵੇ
- ਉਹ ਛਾਤੀ ਦਾ ਦੁੱਧ ਪੀਣ ਤੋਂ ਮੰਨ੍ਹਾਂ ਕਰ ਦੇਵੇ
- ਉਸਦਾ ਭਾਰ ਹੌਲੀ ਹੌਲੀ ਵੱਧੇ
- ਉਸਨੂੰ ਗੈਸ ਹੋਵੇ ਅਤੇ ਉਹ ਚਿੜਚਿੜੀ ਹੋਵੇ

### ਤੁਸੀਂ ਕੀ ਕਰ ਸਕਦੇ ਹੋ?

ਥਰਸ਼ ਦਾ ਇਲਾਜ ਵਿਗਾੜਗ੍ਰਸਤ ਖੇਤਰ ਤੇ ਐਂਟੀਫੰਗਲ ਕ੍ਰੀਮ ਲਗਾ ਕੇ ਕੀਤਾ ਜਾ ਸਕਦਾ ਹੈ। ਕਿਉਂਕਿ ਛਾਤੀ ਦਾ ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਛਾਤੀ ਦਾ ਦੁਧ ਪੀਣ ਵਾਲੇ ਬੱਚੇ ਵਿਗਾੜ ਨੂੰ ਇੱਕ ਦੂਜੇ ਨੂੰ ਪਾਸ ਕਰ ਸਕਦੇ ਹਨ, ਦੋਵਾਂ ਨੂੰ ਇਲਾਜ ਦੀ ਲੋੜ ਹੈ। ਥਰਸ਼ ਆਮਤੌਰ ਤੇ ਗੰਭੀਰ ਨਹੀਂ ਹੁੰਦਾ, ਪਰ ਤੁਹਾਨੂੰ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲਣਾ ਚਾਹੀਦਾ ਹੈ।

**ਇਹ ਅਜ਼ਮਾਓ**

ਜੇ ਤੁਹਾਡੇ ਬੱਚੇ ਨੂੰ ਥਰਸ਼ ਹੈ, ਤਾਂ ਉਸਦੇ ਸੂਦਰਾਂ, ਬੋਤਲ ਦੇ ਨਿੱਪਲਾਂ ਅਤੇ ਉਸ ਦੁਆਰਾ ਮੂੰਹ ਵਿੱਚ ਪਾਈਆਂ ਜਾਣ ਵਾਲੀਆਂ ਕੋਈ ਵੀ ਹੋਰ ਵਸਤੂਆਂ ਨੂੰ ਨਿਯਮਿਤ ਤੌਰ ਤੇ ਬਦਲੋ, ਜਾਂ ਉਨ੍ਹਾਂ ਨੂੰ ਰੋਜ਼ 5 ਤੋ 10 ਮਿੰਟਾਂ ਲਈ ਉਬਾਲੋ।

**ਸਚੇਤ ਰਹੋ**

ਹੈਲਥ ਕੈਨੇਡਾ ਚੇਤਾਵਨੀ ਦਿੰਦਾ ਹੈ ਕਿ ਜੇਨਸ਼ਿਅਨ ਵਾਇਲੈਟ (ਜਿਸ ਨੂੰ ਕ੍ਰਿਸਟਲ ਵਾਇਲੈਟ ਵੀ ਕਿਹਾ ਜਾਂਦਾ ਹੈ) ਕੈਂਸਰ ਦੇ ਜੋਖਮ ਨੂੰ ਵਧਾ ਸਕਦਾ ਹੈ। ਜੇ ਤੁਸੀਂ ਛਾਤੀ ਦਾ ਦੁੱਧ ਪਿਲਾ ਰਹੇ ਹੋ, ਤਾਂ ਥਰਸ਼ ਜਾਂ ਕਿਸੇ ਹੋਰ ਅਵਸਥਾ ਦੇ ਇਲਾਜ ਲਈ ਉਸਦੀ ਵਰਤੋਂ ਨਾ ਕਰੋ।

## ਉੱਚ ਟੈਂਪਰੇਚਰ/ਬੁਖ਼ਾਰ

**ਕੀ ਤੁਹਾਨੂੰ ਪਤਾ ਹੈ**

ਕੱਛ (Armpit) ਦੇ ਲਏ ਜਾਣ ਵਾਲੇ ਮਾਪ ਬੱਚਿਆਂ ਨਾਲ ਅਕਸਰ ਸਭ ਤੋਂ ਅਸਾਨ ਹੁੰਦੇ ਹਨ, ਪਰ ਉਹ ਹਮੇਸ਼ਾ ਸਹੀ ਨਹੀਂ ਹੁੰਦੇ। ਜੇ ਤੁਹਾਡੇ ਬੱਚੇ ਦਾ ਕੱਛ ਦਾ ਤਾਪਮਾਨ “ਸਧਾਰਨ” – 36.5 ਤੋਂ 37.5°ਸੈਂਟੀਗ੍ਰੇਡ (97.8 ਤੋਂ 99.5°ਫੈਰਨਹਾਇਟ) ਹੈ – ਤਾਂ ਵੀ ਉਸ ਨੂੰ ਬੁਖ਼ਾਰ ਹੋ ਸਕਦਾ ਹੈ। ਆਪਣੇ ਬੱਚੇ ਦੀ ਹੋਰ ਸੰਕੇਤਾਂ ਅਤੇ ਲੱਛਣਾਂ ਲਈ ਨਿਗਰਾਨੀ ਕਰੋ।

### ਤੁਹਾਨੂੰ ਕਿਵੇਂ ਪਤਾ ਲਗੇਗਾ?

ਜੇ ਤੁਹਾਡੀ ਬੱਚੀ ਨੂੰ ਬੁਖ਼ਾਰ ਹੈ, ਤਾਂ ਸੰਭਵ ਹੈ ਕਿ:

- ਉਹ ਭਖ ਰਹੀ, ਫਿੱਕੀ ਹੋਵੇ, ਉਸਦੀ ਗਰਦਨ ਦੇ ਪਿਛਲੇ ਪਾਸੇ ਪਸੀਨਾ ਜਾਂ ਗਰਮ ਹੋਵੇ
- ਉਹ ਚੰਗੀ ਤਰ੍ਹਾਂ ਦੁੱਧ ਨਾ ਪੀਵੇ
- ਉਸ ਨੂੰ ਉਨ੍ਹਾਂ ਚੀਜ਼ਾਂ ਵਿੱਚ ਦਿਲਚਸਪੀ ਨਾ ਹੋਵੇ ਜਿੰਨ੍ਹਾਂ ਦਾ ਅਨੰਦ ਉਹ ਆਮਤੌਰ ਤੇ ਮਾਣਦੀ ਹੈ
- ਉਸ ਨੂੰ ਵੱਧ ਨੀਂਦ ਆਵੇ

**ਆਪਣੇ ਬੱਚੇ ਦਾ ਟੈਂਪਰੇਚਰ ਕਿਵੇਂ ਚੈੱਕ ਕਰਨਾ ਹੈ**

1. ਡਿਜੀਟਲ ਥਰਮਾਮੀਟਰ ਦੀ ਨੋਕ ਨੂੰ ਉਸਦੀ ਕੱਛ ਦੇ ਵਿਚਕਾਰ ਰੱਖੋ।
2. ਉਸਦੀ ਬਾਂਹ ਨੂੰ ਅਰਾਮਦੇਹ ਢੰਗ ਨਾਲ ਉਸਦੇ ਸਰੀਰ ਦੇ ਨਾਲ ਰੱਖੋ।
3. ਉਸ ਨੂੰ ਦਿਲਾਸਾ ਦਿਓ ਅਤੇ ਉਸਦਾ ਧਿਆਨ ਵਟਾਓ।
4. ਜਦੋਂ ਉਹ ਬੀਪ ਕਰਦਾ ਹੈ ਤਾਂ ਥਰਮਾਮੀਟਰ ਨੂੰ ਨਰਮੀ ਨਾਲ ਹਟਾਓ।
5. ਦੂਸਰੇ ਬਾਂਹ ਦੇ ਥਲੇ ਜਾਂਚੋ।

ਪਾਰੇ ਵਾਲਾ (ਕੱਚ ਦਾ) ਥਰਮਾਮੀਟਰ (ਜੋ ਕਿ ਖਤਰਨਾਕ ਹੋ ਸਕਦਾ ਹੈ), ਜਾਂ ਮੱਥੇ ਤੇ ਲਗਾਈਆਂ ਜਾਣ ਵਾਲੀਆਂ ਸਟ੍ਰਿਪਾਂ, ਪੈਸੀਫਾਇਰ ਥਰਮਾਮੀਟਰ ਜਾਂ ਕੰਨ ਵਾਲੇ ਥਰਮਾਮੀਟਰ (ਜੋ ਘੱਟ ਸਹੀ ਹੁੰਦੇ ਹਨ) **ਨਾ** ਵਰਤੋ। ਰੈਕਟਲ (Rectal) ਥਰਮਾਮੀਟਰ ਬਹੁਤ ਸਹੀ ਹੁੰਦੇ ਹਨ, ਪਰ ਇਹ ਤਰੀਕਾ ਤਾਂ ਹੀ ਵਰਤੋ ਜੇ ਤੁਹਾਡੇ ਕੋਲ ਅਜਿਹਾ ਥਰਮਾਮੀਟਰ ਹੈ ਜੋ ਗੁਦੇ (rectum) ਵਿੱਚ ਵਰਤੇ ਜਾਣ ਲਈ ਬਣਿਆ ਹੈ, ਜੇ ਤੁਹਾਨੂੰ ਇੱਕ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਉਸ ਨੂੰ ਸੁਰੱਖਿਅਤ ਢੰਗ ਨਾਲ ਵਰਤਣਾ ਸਿਖਾਇਆ ਗਿਆ ਹੈ, ਅਤੇ ਜੇ ਤੁਸੀਂ ਅਜਿਹਾ ਕਰਨ ਵਿੱਚ ਸੁਖਾਵਾਂ ਮਹਿਸੂਸ ਕਰਦੇ ਹੋ।

| ਤਰੀਕਾ | ਟੈਂਪਰੇਚਰ ਦੀ ਸਧਾਰਨ ਰੇਂਜ |
|---|---|
| ਕੱਛ | 36.5 ਤੋਂ 37.5°ਸੈਂਟੀਗ੍ਰੇਡ (97.8 ਤੋਂ 99.5°ਫੈਰਨਹਾਇਟ) |
| ਕੰਨ | 35.8 ਤੋਂ 38°ਸੈਂਟੀਗ੍ਰੇਡ (96.4 ਤੋਂ 100.4°ਫੈਰਨਹਾਇਟ) |
| ਮੂੰਹ | 35.5 ਤੋਂ 37.5°ਸੈਂਟੀਗ੍ਰੇਡ (95.9 ਤੋਂ 99.5°ਫੈਰਨਹਾਇਟ) |
| ਗੁਦਾ (Rectum) | 36.6 ਤੋਂ 38°ਸੈਂਟੀਗ੍ਰੇਡ (97.9 ਤੋਂ 100.4°ਫੈਰਨਹਾਇਟ) |

## ਤੁਸੀਂ ਕੀ ਕਰ ਸਕਦੇ ਹੋ?

ਜੇ ਤੁਹਾਡੀ ਬੱਚੀ ਬੁਖਾਰ ਦੇ ਸੰਕੇਤ ਦਿਖਾਉਂਦੀ ਹੈ ਜਾਂ ਜੇ ਉਸਦਾ ਟੈਂਪਰੇਚਰ ਚਾਰਟ ਤੇ ਦਿਖਾਈ ਗਈ ਸਧਾਰਨ ਰੇਂਜ ਤੋਂ ਵੱਧ ਹੈ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ 8-1-1 ਤੇ ਹੈਲਥਲਿੰਕ ਬੀਸੀ ਨੂੰ ਫੋਨ ਕਰੋ। ਉਸ ਨੂੰ ਵੱਧ ਵਾਰ ਛਾਤੀ ਦਾ ਦੁੱਧ ਪੀਣ ਦਿਓ (ਜਾਂ ਉਸ ਨੂੰ ਪੀਣ ਲਈ ਵੱਧ ਦਿਓ) ਅਤੇ ਉਸਦੇ ਪਾਏ ਹੋਏ ਕੋਈ ਵੀ ਵਾਧੂ ਕਪੜੇ ਉਤਾਰ ਦਿਓ।

ਅਸੀਟਾਮਿਨੋਫ਼ਿਨ (ਟਾਇਲੇਨੋਲ) ਸਹਾਇਤਾ ਕਰ ਸਕਦੀ ਹੈ। ਉਸ ਨੂੰ ਆਪਣੇ ਬੱਚੇ ਨੂੰ ਦੇਣ ਤੋਂ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ 8-1-1 ਤੇ ਹੈਲਥਲਿੰਕ ਬੀਸੀ ਨੂੰ ਫੋਨ ਕਰੋ, ਫਿਰ ਪੈਕੇਜ ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ।

### ਮੈਡੀਕਲ ਐਮਰਜੈਂਸੀ

ਜੇ ਤੁਹਾਡਾ ਬੱਚਾ 3 ਮਹੀਨਿਆਂ ਤੋਂ ਛੋਟਾ ਹੈ ਅਤੇ ਉਸ ਨੂੰ ਬੁਖਾਰ ਹੈ, ਤਾਂ ਇਹ ਯਕੀਨੀ ਬਣਾਉਣ ਲਈ ਤੁਰੰਤ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋ ਕਿ ਉਹ ਹੋਰ ਗੰਭੀਰ ਬਿਮਾਰੀ ਦਾ ਸੰਕੇਤ ਨਹੀਂ ਹੈ।

### ਖਤਰਾ

ਆਪਣੇ ਬੱਚੇ ਨੂੰ ਕਦੇ ਵੀ ਐਸਪਰਿੰਨ ਜਾਂ ਐਸੀਟੇਲਸੈਲੀਸਾਈਲਿਕ ਐਸਿਡ (acetylsalicylic acid) (ਏਐਸਏ), ਵਾਲੀ ਕੋਈ ਵੀ ਚੀਜ਼ ਨਾ ਦਿਓ ਜੋ ਉਸਦੇ ਦਿਮਾਗ ਅਤੇ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਜੇ ਤੁਹਾਡਾ ਬੱਚਾ 6 ਮਹੀਨਿਆਂ ਤੋਂ ਛੋਟਾ ਹੈ, ਤਾਂ ਉਸ ਨੂੰ ਆਈਬਿਊਪਰੋਫ਼ੈਨ (ਚਿਲਡਰਨਜ਼ ਐਡਵਿਲ ਜਾਂ ਮੋਟਰਿੰਨ) ਦੇਣ ਤੋਂ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ। **ਆਪਣੇ ਬੱਚੇ ਨੂੰ ਕੋਈ ਵੀ ਦਵਾਈ ਦੇਣ ਤੋਂ ਪਹਿਲਾਂ ਹਮੇਸ਼ਾ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਜਾਂਚੋ।**

## ਭੋਜਨ ਸੰਬੰਧੀ ਐਲਰਜੀ

ਭੋਜਨ ਪ੍ਰਤੀ ਇੱਕ ਸੰਭਾਵੀ ਖਤਰਨਾਕ ਪ੍ਰਤੀਕਿਰਿਆ।

### ਤੁਹਾਨੂੰ ਕਿਵੇਂ ਪਤਾ ਲਗੇਗਾ?

ਇੱਕ ਐਲਰਜਿਕ ਪ੍ਰਤੀਕਿਰਿਆ ਦੇ ਲੱਛਣ ਹਲਕੇ ਤੋਂ ਗੰਭੀਰ ਹੋ ਸਕਦੇ ਹਨ। ਉਹ ਅਕਸਰ ਭੋਜਨ ਖਾਣ ਤੋਂ ਬਾਅਦ ਮਿੰਟਾਂ ਵਿੱਚ ਦਿਖਾਈ ਦਿੰਦੇ ਹਨ। ਤੁਹਾਡੇ ਬੱਚੇ ਨੂੰ ਛਪਾਕੀ (hives), ਸੋਜ, ਲਾਲੀ, ਬੰਦ ਜਾਂ ਵੱਗਦਾ ਨੱਕ ਜਾਂ ਖੁਜਲੀ ਜਾਂ ਪਾਣੀ ਵਾਲੀਆਂ ਅੱਖਾਂ ਹੋ ਸਕਦੀਆਂ ਹਨ। ਉਸ ਨੂੰ ਖੰਘ ਜਾਂ ਉਲਟੀ ਹੋ ਸਕਦੀ ਹੈ।

ਜਦੋਂ ਇੱਕ ਵਿਅਕਤੀ ਨੂੰ ਭੋਜਨ ਸੰਬੰਧੀ ਐਲਰਜੀ ਹੁੰਦੀ ਹੈ, ਤਾਂ ਉਨ੍ਹਾਂ ਦੇ ਉਹ ਭੋਜਨ ਖਾਣ ਤੇ ਹਰ ਵਾਰੀ ਪ੍ਰਤੀਕਿਰਿਆ ਹੋਵੇਗੀ।

ਪਰ, ਸਮੇਂ ਦੇ ਨਾਲ, ਵੱਡੇ ਹੋਣ ਤੇ ਕਈ ਬੱਚਿਆਂ ਦੀਆਂ ਕਈ ਐਲਰਜੀਆਂ ਖਤਮ ਹੋ ਜਾਂਦੀਆਂ ਹਨ। ਤੁਹਾਡੇ ਬੱਚੇ ਦਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਨਿਰਧਾਰਤ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ ਜੇ ਤੁਹਾਡੇ ਬੱਚੇ ਲਈ ਇਹ ਸੱਚ ਹੈ।

### ਤੁਸੀਂ ਕੀ ਕਰ ਸਕਦੇ ਹੋ?

ਆਪਣੇ ਬੱਚੇ ਨੂੰ ਉਹ ਭੋਜਨ ਦੇਣਾ ਬੰਦ ਕਰ ਦਿਓ ਜਿਸ ਪ੍ਰਤੀ ਤੁਸੀਂ ਸੋਚਦੇ ਹੋ ਕਿ ਉਸ ਨੂੰ ਐਲਰਜੀ ਹੋ ਸਕਦੀ ਹੈ ਅਤੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

### ਇਹ ਅਜ਼ਮਾਓ


ਛਾਤੀ ਦਾ ਦੁੱਧ ਪਿਲਾ ਕੇ ਐਲਰਜੀਆਂ ਨੂੰ ਰੋਕਣ ਵਿੱਚ ਸਹਾਇਤਾ ਕਰੋ। ਆਪਣੇ ਬੱਚੇ ਦੀ ਖੁਰਾਕ ਵਿੱਚ ਐਲਰਜੀਆਂ ਦਾ ਕਾਰਨ ਬਣਨ ਵਾਲੇ ਆਮ ਭੋਜਨ ਪਦਾਰਥਾਂ ਨੂੰ ਕਿਵੇਂ ਸ਼ਾਮਲ ਕੀਤਾ ਜਾਵੇ ਬਾਰੇ ਹੋਰ ਜਾਣਨ ਲਈ ਭੋਜਨ ਸੰਬੰਧੀ ਐਲਰਜੀਆਂ ਨੂੰ ਸਮਝਣਾ ਦੇਖੋ।


### ਮੈਡੀਕਲ ਐਮਰਜੈਂਸੀ


**ਤੁਰੰਤ 9-1-1 ਨੂੰ ਫੋਨ ਕਰੋ ਜੇ ਤੁਹਾਡੇ ਬੱਚੇ ਨੂੰ ਹੇਠਾਂ ਦਿੱਤਿਆਂ ਵਿੱਚੋਂ ਕੋਈ ਵੀ ਹੈ:**


- ਉਸਦੇ ਮੂੰਹ, ਜੀਭ ਜਾਂ ਗਲੇ ਵਿੱਚ ਸੋਜ
- ਛਪਾਕੀ (hives) ਜਿਹੜੀ ਫੈਲ ਰਹੀ ਹੈ
- ਸਾਹ ਲੈਣ ਜਾਂ ਨਿਗਲਣ ਵਿੱਚ ਮੁਸ਼ਕਲ
- ਮੁੜ ਮੁੜ ਕੇ ਖੰਘ ਜਾਂ ਸਾਹ ਲੈਣ ਵੇਲੇ ਘਰਰ ਦੀ ਆਵਾਜ਼ (wheezing)
- ਫੱਟੀ ਹੋਈ ਆਵਾਜ਼ ਜਾਂ ਰੋਣਾ
- ਫਿੱਕਾ ਜਾਂ ਨੀਲਾ ਚਿਹਰਾ ਜਾਂ ਬੁੱਲ
- ਬੇਹੋਸ਼ੀ ਜਾਂ ਕਮਜ਼ੋਰੀ ਜਾਂ ਬੇਹੋਸ਼ ਹੋ ਗਿਆ ਹੈ











## ਪੀਲੀਆ (Jaundice)

ਤੁਹਾਡੇ ਬੱਚੇ ਦੇ ਖੂਨ ਵਿੱਚ ਬਹੁਤ ਜ਼ਿਆਦਾ ਬਿਲੀਰੁਬਿੰਨ (bilirubin) ਕਰਕੇ ਚਮੜੀ ਅਤੇ ਅੱਖਾਂ ਦੇ ਸਫ਼ੈਦ ਹਿੱਸਿਆਂ ਦਾ ਪੀਲਾ ਪੈਣਾ।

### ਤੁਹਾਨੂੰ ਕਿਵੇਂ ਪਤਾ ਲਗੇਗਾ?

ਪੀਲੀਆ ਆਮਤੌਰ ਤੇ ਪਹਿਲੇ ਹਫਤੇ ਦੇ ਦੌਰਾਨ ਚਿਹਰੇ ਅਤੇ ਛਾਤੀ ਤੇ ਦਿਖਾਈ ਦਿੰਦਾ ਹੈ ਅਤੇ ਕੁਝ ਦਿਨਾਂ ਲਈ ਰਹਿੰਦਾ ਹੈ। ਜ਼ਿਆਦਾਤਰ ਕੇਸਾਂ ਵਿੱਚ, ਉਹ ਵਾਧੂ ਫੀਡਿੰਗ ਨਾਲ ਠੀਕ ਹੋ ਜਾਵੇਗਾ। ਸੰਭਵ ਹੈ ਕਿ ਤੁਹਾਡੇ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਤੁਹਾਡੇ ਬੱਚੇ ਨੂੰ ਪੀਲੀਆ ਲਈ ਜਾਂਚਿਆ ਜਾਵੇ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਜਨਮ ਤੋਂ ਬਾਅਦ ਫਾਲੋ-ਅੱਪ ਮੁਲਾਕਾਤਾਂ ਦੇ ਦੌਰਾਨ ਵੀ ਜਾਂਚ ਕਰੇਗਾ।

**ਮੈਡੀਕਲ ਐਮਰਜੈਂਸੀ**

ਵਿਰਲੇ ਕੇਸਾਂ ਵਿੱਚ, ਪੀਲੀਆ ਗੰਭੀਰ ਹੁੰਦਾ ਹੈ ਅਤੇ ਜੇ ਇਲਾਜ ਨਾ ਕੀਤਾ ਜਾਵੇ, ਤਾਂ ਉਸਦਾ ਨਤੀਜਾ ਲੰਬੇ - ਸਮੇਂ ਤੱਕ ਰਹਿਣ ਵਾਲੀਆਂ ਸਮੱਸਿਆਵਾਂ ਹੋ ਸਕਦਾ ਹੈ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਤੁਰੰਤ ਫੋਨ ਕਰੋ ਜੇ ਤੁਹਾਡਾ ਬੱਚਾ ਨਿੰਦਰਾਲਾ ਜਾਪਦਾ ਹੈ ਅਤੇ ਪੀਣ ਤੋਂ ਮੰਨ੍ਹਾਂ ਕਰਦਾ ਹੈ ਅਤੇ ਜੇ ਉਸਦੀ ਚਮੜੀ ਜਾਂ ਉਸਦੀਆਂ ਅੱਖਾਂ ਦੇ ਸਫ਼ੈਦ ਹਿੱਸੇ ਪੀਲੇ ਲਗਦੇ ਹਨ।

## ਡਾਇਪਰ ਰੈਸ਼

ਨਮੀ, ਯੀਸਟ ਵਿਗਾੜ, ਸਾਬਣ, ਸੈਂਟ ਜਾਂ ਤੇਲਾਂ ਕਰਕੇ ਡਾਇਪਰ ਦੇ ਖੇਤਰ ਵਿੱਚ ਹੋਣ ਵਾਲੀ ਲਾਲ, ਪੀੜਾਦਾਇਕ ਪ੍ਰਤੀਕਿਰਿਆ।

### ਤੁਸੀਂ ਕੀ ਕਰ ਸਕਦੇ ਹੋ?

ਤੁਸੀਂ ਇਸ ਤਰ੍ਹਾਂ ਡਾਇਪਰ ਰੈਸ਼ ਵਿੱਚ ਆਰਾਮ ਪਹੁੰਚਾਉਣ ਵਿੱਚ ਸਹਾਇਤਾ ਕਰ ਸਕਦੇ ਹੋ:

- ਡਾਇਪਰਾਂ ਦੇ ਗਿੱਲੇ ਜਾਂ ਗੰਦੇ ਹੁੰਦੇ ਸਾਰ ਹੀ ਉਨ੍ਹਾਂ ਨੂੰ ਬਦਲ ਕੇ
- ਸਾਬਣ ਤੋਂ ਬਿਨਾਂ ਗਰਮ ਪਾਣੀ ਨਾਲ ਸਾਫ ਕਰਕੇ, ਚੰਗੀ ਤਰ੍ਹਾਂ ਸੁਕਾ ਕੇ ਅਤੇ ਜ਼ਿੰਕ-ਅਧਾਰਤ ਕ੍ਰੀਮ ਦੀ ਇੱਕ ਪਤਲੀ ਪਰਤ ਵਰਤ ਕੇ
- ਆਪਣੇ ਬੱਚੇ ਨੂੰ ਹਰ ਰੋਜ਼ ਕੁਝ ਵਾਰ ਡਾਇਪਰ ਮੁਕਤ ਹੋਣ ਦੇ ਕੇ
- ਖੁਸ਼ਬੂ ਤੋਂ ਬਿਨਾਂ ਡਿਟਰਜੈਂਟ ਅਤੇ ਵਾਇਪ ਵਰਤ ਕੇ
- ਜਦੋਂ ਤੁਸੀਂ ਕਪੜੇ ਦੇ ਡਾਇਪਰ ਧੋਂਦੇ ਹੋ ਤਾਂ ਸਿਰਕਾ ਮਿਲਾ ਕੇ
- ਪਲਾਸਟਿਕ ਦੀਆਂ ਪੈਂਟਾਂ ਨਾ ਵਰਤ ਕੇ

ਜੇ ਰੈਸ਼ 5 ਤੋਂ ਵੱਧ ਦਿਨਾਂ ਲਈ ਰਹਿੰਦਾ ਹੈ, ਜੇ ਉਹ ਮੁੱਖ ਤੌਰ ਤੇ ਚਮੜੀ ਦੀਆਂ ਕ੍ਰੀਜ਼ਾਂ (creases) ਵਿੱਚ ਹੈ, ਜਾਂ ਜੇ ਛਾਲੇ, ਪਸ, ਛਿੱਲ ਰਹੇ ਜਾਂ ਪਪੜੀਦਾਰ ਪੈਚ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

## ਹੋਰ ਰੈਸ਼

### ਤੁਹਾਨੂੰ ਕਿਵੇਂ ਪਤਾ ਲਗੇਗਾ?

ਪਹਿਲੇ ਕੁਝ ਹਫਤਿਆਂ ਵਿੱਚ, ਤੁਹਾਡੇ ਬੱਚੇ ਨੂੰ ਉਸਦੇ ਚਿਹਰੇ ਤੇ ਉਭਰੇ ਹੋਏ ਛੋਟੇ ਸਫ਼ੈਦ ਬਿੰਦੂ ("ਬੇਬੀ ਐਕਨੀ") ਹੋ ਸਕਦੇ ਹਨ। ਪਹਿਲੇ ਕੁਝ ਮਹੀਨਿਆਂ ਵਿੱਚ, ਉਸਦੇ ਸਰੀਰ ਤੇ ਦਾਗੀ (blotchy), ਲਾਲ ਬਿੰਦੂ ਹੋ ਸਕਦੇ ਹਨ।

### ਤੁਸੀਂ ਕੀ ਕਰ ਸਕਦੇ ਹੋ?

ਦੋਵੇਂ ਆਪਣੇ ਆਪ ਸਾਫ ਹੋ ਜਾਣਗੇ। ਜੇ ਰੈਸ਼ ਅਚਾਨਕ ਲਾਲ ਅਤੇ ਖੁਜਲੀ ਵਾਲਾ ਹੋ ਜਾਂਦਾ ਹੈ ਅਤੇ ਉਸ ਵਿੱਚੋਂ ਤਰਲ ਨਿਕਲਦਾ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਫੋਨ ਕਰੋ।

ਤੁਸੀਂ ਆਪਣੇ ਬੱਚੇ ਦੀ ਚਮੜੀ ਨੂੰ ਸ਼ਾਂਤ ਕਰ ਸਕਦੇ ਹੋ:

- ਉਸ ਨੂੰ ਨਿੱਘਾ, ਪਰ ਗਰਮ ਨਾ ਰੱਖ ਕੇ
- ਉਸ ਨੂੰ ਕੇਵਲ ਹਰ ਦੂਸਰੇ ਜਾਂ ਤੀਸਰੇ ਦਿਨ ਤੇ ਕੋਸੇ ਪਾਣੀ ਨਾਲ ਛੋਟੀਆਂ ਅਵਧੀਆਂ ਲਈ ਇਸ਼ਨਾਨ ਕਰਵਾ ਕੇ
- ਉਸ ਨੂੰ ਸੂਤੀ ਕਪੜੇ ਪਹਿਨਾ ਕੇ
- ਉਸ ਨੂੰ ਨੌਨ-ਮੈਡੀਕੇਟਿਡ, ਬਿਨਾਂ ਖੁਸ਼ਬੂ ਵਾਲੇ ਲੋਸ਼ਨ ਦੀ ਛੋਟੀ ਮਾਤਰਾ ਨਾਲ ਨਮ (moisturizing) ਕਰਕੇ
- ਖੁਸ਼ਬੂ ਵਾਲੇ ਸਾਬਣ, ਲੋਸ਼ਨ ਜਾਂ ਫੈਬਰਿਕ ਸੌਫਟਨਰ ਨਾ ਵਰਤ ਕੇ

**ਕੀ ਤੁਹਾਨੂੰ ਪਤਾ ਹੈ**

ਜਿੰਨ੍ਹਾਂ ਘੱਟ ਉਤਪਾਦ ਤੁਸੀਂ ਆਪਣੇ ਬੱਚੇ ਦੀ ਸੰਵੇਦਨਸ਼ੀਲ ਚਮੜੀ ਤੇ ਲਗਾਉਂਦੇ ਹੋ, ਉਨਾਂ ਵਧੀਆ। ਪਹਿਲਾਂ ਆਪਣੇ ਬੱਚੇ ਤੇ ਛੋਟੀ ਜਿਹੀ ਮਾਤਰਾ ਟੈਸਟ ਕਰੋ, ਫਿਰ ਜਿੰਨ੍ਹਾਂ ਘੱਟ ਸੰਭਵ ਹੋਵੇ ਵਰਤੋ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਇਸ ਬਾਰੇ ਗੱਲ ਕਰੋ ਕਿ ਕਿਹੜੇ ਉਤਪਾਦ ਤੁਹਾਡੇ ਬੱਚੇ ਲਈ ਸਹੀ ਹੋ ਸਕਦੇ ਹਨ।

## ਕ੍ਰੇਡਲ ਕੈਪ (Cradle cap)

### ਤੁਸੀਂ ਕੀ ਕਰ ਸਕਦੇ ਹੋ?

ਤੁਹਾਡੇ ਬੱਚੇ ਦੀ ਖੋਪੜੀ ਤੇ ਥੋੜ੍ਹੀ ਜਿਹੀ ਪਪੜੀ (scaliness) ਹੋਣਾ ਸੁਭਾਵਿਕ ਹੈ। ਜੇ ਉਹ ਪਪੜੀਦਾਰ ਹੈ, ਤਾਂ ਬਿਨਾਂ ਖੁਸ਼ਬੂ ਵਾਲੇ ਤੇਲ ਦੀ ਇੱਕ ਬੂੰਦ ਦੀ ਮਾਲਸ਼ ਕਰਨਾ ਅਜ਼ਮਾਓ। ਫਿਰ ਪਪੜੀ ਨੂੰ ਨਰਮੀ ਨਾਲ ਬਰਸ਼ ਕਰਕੇ ਬਾਹਰ ਕੱਢੋ ਅਤੇ ਤੇਲ ਨੂੰ ਚੰਗੀ ਤਰ੍ਹਾਂ ਧੋ ਦਿਓ।

## ਖੰਘਣਾ ਅਤੇ ਛਿੱਕਣਾ

ਤੁਹਾਡਾ ਨਵਜਾਤ ਬੱਚਾ ਉਸਦੇ ਨੱਕ ਅਤੇ ਫੇਫੜਿਆਂ ਨੂੰ ਸਾਫ ਕਰਨ ਲਈ ਖੰਘੇਗਾ ਅਤੇ ਛਿੱਕੇਗਾ, ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਉਸ ਨੂੰ ਜ਼ੁਕਾਮ ਹੈ। ਉਸ ਨੂੰ ਖੰਘ ਜਾਂ ਜ਼ੁਕਾਮ ਦੀ ਦਵਾਈ ਨਾ ਦਿਓ ਜਦੋਂ ਤੱਕ ਕਿ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵਲੋਂ ਸਿਫਾਰਸ਼ ਨਾ ਕੀਤੀ ਜਾਵੇ।

## ਕਬਜ਼

### ਤੁਹਾਨੂੰ ਕਿਵੇਂ ਪਤਾ ਲਗੇਗਾ?

ਉਨ੍ਹਾਂ ਦੇ ਕੁਝ ਹਫਤਿਆਂ ਦਾ ਹੋ ਜਾਣ ਤੋਂ ਬਾਅਦ, ਕਈ ਬੱਚੇ ਰੋਜ਼ ਟੱਟੀ ਕਰਨਗੇ, ਜਦਕਿ ਦੂਸਰੇ ਹਫਤੇ ਵਿੱਚ ਇੱਕ ਵਾਰੀ ਟੱਟੀ ਕਰਨਗੇ। ਦੋਵੇਂ ਸੁਭਾਵਿਕ ਹਨ। ਟੱਟੀ ਕਰਨ ਵੇਲੇ ਤੁਹਾਡੇ ਬੱਚੇ ਦਾ ਹੂੰਗਰਨਾ ਅਤੇ ਉਸਦੇ ਚਿਹਰੇ ਦਾ ਲਾਲ ਹੋ ਜਾਣਾ ਵੀ ਸੁਭਾਵਿਕ ਹੈ, ਜੇ ਉਸਨੂੰ ਕਬਜ਼ ਨਹੀਂ ਹੈ ਤਾਂ ਵੀ।

### ਤੁਸੀਂ ਕੀ ਕਰ ਸਕਦੇ ਹੋ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋ ਜਾਂ 8-1-1 ਤੇ ਹੈਲਥਲਿੰਕ ਬੀਸੀ ਨੂੰ ਫੋਨ ਕਰੋ ਜੇ:

- ਤੁਹਾਡਾ ਬੱਚਾ 2 ਹਫਤਿਆਂ ਤੋਂ ਛੋਟਾ ਹੈ ਅਤੇ ਉਹ ਦਿਨ ਵਿੱਚ ਦੋ ਵਾਰੀ ਤੋਂ ਘੱਟ ਟੱਟੀ ਕਰਦਾ ਹੈ
- ਉਸਦੀ ਟੱਟੀ ਸੁੱਕੀ ਅਤੇ ਸਖ਼ਤ ਹੈ ਜਾਂ ਉਸ ਨੂੰ ਇੱਕ ਹਫਤੇ ਤੋਂ ਵੱਧ ਲਈ ਟੱਟੀ ਕਰਨ ਵਿੱਚ ਮੁਸ਼ਕਲ ਹੁੰਦੀ ਹੈ
- ਉਸਦੀ ਟੱਟੀ ਵਿੱਚ ਤਾਜ਼ਾ ਖੂਨ ਹੈ

ਜੁਲਾਬ (Laxatives), ਸਪੋਜ਼ਿਟਰੀਆਂ (suppositories) ਅਤੇ ਏਨਿਮਾ (enemas) ਨੂੰ ਕੇਵਲ ਤਾਂ ਹੀ ਵਰਤਣਾ ਚਾਹੀਦਾ ਹੈ ਜੇ ਤੁਹਾਡੇ ਡਾਕਟਰ ਦੁਆਰਾ ਨਿਰਦਿਸ਼ਟ ਕੀਤਾ ਜਾਂਦਾ ਹੈ।

**ਕੀ ਤੁਹਾਨੂੰ ਪਤਾ ਹੈ**

ਇੱਕ ਬੱਚਾ ਜਿਹੜਾ ਕੇਵਲ ਛਾਤੀ ਦਾ ਦੁੱਧ ਪੀਂਦਾ ਹੈ ਨੂੰ ਵਿਰਲੇ ਹੀ ਕਬਜ਼ ਹੁੰਦੀ ਹੈ।

## ਉਲਟੀਆਂ

### ਤੁਹਾਨੂੰ ਕਿਵੇਂ ਪਤਾ ਲਗੇਗਾ?

ਜ਼ਿਆਦਾਤਰ ਬੱਚੇ ਸਪਿਟ-ਅਪ (spit up) ਕਰਦੇ ਹਨ। ਸਪਿਟ-ਅਪ ਕਈ ਵਾਰੀ ਡਕਾਰ ਦੇ ਨਾਲ ਮੂੰਹ ਵਿੱਚੋਂ ਨਿਕਲਦਾ ਹੈ ਅਤੇ ਆਮਤੌਰ ਤੇ ਬੱਚੇ ਨੂੰ ਪਰੇਸ਼ਾਨ ਨਹੀਂ ਕਰਦਾ।

ਉਲਟੀ ਕਿਧਰੇ ਵੱਧ ਪ੍ਰਬਲ ਹੁੰਦੀ ਹੈ। ਅਤੇ ਜੇ ਤੁਹਾਡਾ ਬੱਚਾ ਤਰਲ ਦੇ ਕੁਝ ਚਮਚਾਂ ਨਾਲੋਂ ਵੱਧ ਉਲਟੀ ਕਰ ਰਿਹਾ ਹੈ, ਤਾਂ ਉਸ ਨੂੰ ਪਾਣੀ ਦੀ ਕਮੀ ਹੋ ਸਕਦੀ ਹੈ।

### ਪ੍ਰੌਜੈਕਟਾਇਲ ਵੌਮੀਟਿੰਗ (projectile vomiting) ਕੀ ਹੈ?

ਦੁੱਧ ਜਾਂ ਫਾਰਮੂਲੇ ਦਾ ਬਹੁਤ ਜ਼ੋਰਦਾਰ ਢੰਗ ਨਾਲ ਇੱਕ ਚਾਪ (arc) ਵਿੱਚ ਬਾਹਰ ਕੱਢੇ ਜਾਣਾ - ਕਈ ਵਾਰੀ ਕਈ ਫੁੱਟ ਦੀ ਦੂਰੀ ਤੱਕ। ਪ੍ਰੌਜੈਕਟਾਇਲ ਵੌਮੀਟਿੰਗ ਆਮਤੌਰ ਤੇ ਫੀਡਿੰਗ ਤੋਂ ਤੁਰੰਤ ਬਾਅਦ ਹੁੰਦੀ ਹੈ, ਪਰ ਕਈ ਘੰਟਿਆਂ ਬਾਅਦ ਹੋ ਸਕਦੀ ਹੈ। ਕਈ ਕੇਸਾਂ ਵਿੱਚ, ਇਸਦਾ ਮਤਲਬ ਹੈ ਕਿ ਤੁਹਾਡੇ ਬੱਚੇ ਦੇ ਪੇਟ ਅਤੇ ਆਂਦਰਾਂ ਦੇ ਵਿਚਕਾਰ ਦਾ ਮਾਰਗ ਬਹੁਤ ਛੋਟਾ ਹੈ ("ਪਾਏਲੋਰਿਕ ਸਟੇਨੋਸਿਸ" - pyloric stenosis)। ਇਸ ਨੂੰ ਠੀਕ ਕੀਤਾ ਜਾ ਸਕਦਾ ਹੈ, ਪਰ ਇਸ ਨੂੰ ਫੌਰੀ ਮੈਡੀਕਲ ਇਲਾਜ ਦੀ ਲੋੜ ਹੁੰਦੀ ਹੈ।

### ਮੈਡੀਕਲ ਐਮਰਜੈਂਸੀ

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਤੁਰੰਤ ਮਿਲੋ ਜੇ:

- ਤੁਹਾਡਾ ਬੱਚਾ ਤਰਲਾਂ ਨੂੰ ਅੰਦਰ ਨਹੀਂ ਰੱਖ ਸਕਦਾ ਜਾਂ ਉਸ ਵਿੱਚ ਪਾਣੀ ਦੀ ਕਮੀ ਜਾਪਦੀ ਹੈ
- ਉਲਟੀ (ਸਪਿਟ-ਅਪ) ਵਿੱਚ ਖੂਨ ਦੀਆਂ ਧਾਰੀਆਂ ਹਨ
- ਉਲਟੀ (ਸਪਿਟ-ਅਪ) ਕਰਨ ਕਰਕੇ ਤੁਹਾਡੇ ਬੱਚੇ ਦਾ ਸਾਹ ਰੁਕਦਾ ਹੈ, ਉਹ ਗੈਗ ਕਰਦਾ ਹੈ ਜਾਂ ਨੀਲਾ ਹੋ ਜਾਂਦਾ ਹੈ
- ਤੁਹਾਡਾ ਬੱਚਾ ਪ੍ਰੌਜੈਕਟਾਇਲ ਵੌਮੀਟਿੰਗ ਕਰ ਰਿਹਾ ਹੈ

## ਦਸਤ


### ਤੁਹਾਨੂੰ ਕਿਵੇਂ ਪਤਾ ਲਗੇਗਾ?


ਜੇ ਤੁਹਾਡੇ ਬੱਚੇ ਦੀ ਟੱਟੀ ਪਾਣੀ ਵਰਗੀ ਅਤੇ ਬੁਰੀ ਗੰਧ ਵਾਲੀ ਹੈ, ਤਾਂ ਉਸ ਨੂੰ ਦਸਤ ਹੋ ਸਕਦੇ ਹਨ। ਆਮਤੌਰ ਤੇ, ਤੁਸੀਂ ਉਸ ਨੂੰ ਕਾਫੀ ਮਾਤਰਾ ਵਿੱਚ ਮਨੁੱਖੀ ਦੁੱਧ, ਜਾਂ ਫਾਰਮੂਲਾ ਜੇ ਉਸ ਨੂੰ ਫਾਰਮੂਲਾ ਪਿਲਾਇਆ ਜਾ ਰਿਹਾ ਹੈ, ਦੇ ਕੇ ਘਰ ਵਿੱਚ ਉਸਦਾ ਇਲਾਜ ਕਰ ਸਕਦੇ ਹੋ।

### ਮੈਡੀਕਲ ਐਮਰਜੈਂਸੀ

ਜਦੋਂ ਦਸਤ ਕਰਕੇ ਪਾਣੀ ਦੀ ਕਮੀ ਹੋ ਜਾਂਦੀ ਹੈ, ਤਾਂ ਤੁਹਾਡਾ ਬੱਚਾ ਬਹੁਤ ਜਲਦੀ, ਬਹੁਤ ਬਿਮਾਰ ਹੋ ਸਕਦਾ ਹੈ। ਤੁਰੰਤ ਮੈਡੀਕਲ ਸਹਾਇਤਾ ਪ੍ਰਾਪਤ ਕਰੋ ਜੇ:

- ਤੁਹਾਡਾ ਬੱਚਾ ਬਹੁਤ ਨਿੰਦਰਾਲਾ ਹੈ ਅਤੇ ਉਸ ਨੂੰ ਜਗਾਉਣਾ ਮੁਸ਼ਕਲ ਹੈ
- ਤੁਹਾਡੇ ਬੱਚੇ ਦਾ ਮੂੰਹ ਅਤੇ ਜੀਭ ਬਹੁਤ ਸੁੱਕੀ ਹੈ
- ਤੁਹਾਡੇ ਬੱਚੇ ਦੀਆਂ ਅੱਖਾਂ ਬਹੁਤ ਸੁੱਕੀਆਂ ਹਨ, ਹੰਝੂਆਂ ਤੋਂ ਬਿਨਾਂ ਜਾਂ ਆਮ ਨਾਲੋਂ ਘੱਟ ਹੰਝੂਆਂ ਨਾਲ
- ਤੁਹਾਡਾ ਬੱਚਾ 24 ਘੰਟਿਆਂ ਵਿੱਚ 4 ਤੋਂ ਘੱਟ ਗਿੱਲੇ ਡਾਇਪਰਾਂ ਦੇ ਨਾਲ, ਆਮ ਨਾਲੋਂ ਘੱਟ ਪਿਸ਼ਾਬ ਕਰ ਰਿਹਾ ਹੈ
- ਤੁਹਾਡੇ ਬੱਚੇ ਦੇ ਸਿਰ ਤੇ ਨਰਮ, ਧੱਸਿਆ ਹੋਇਆ (sunken) ਸਥਾਨ ਹੈ
- ਤੁਹਾਡੇ ਬੱਚੇ ਦੀ ਦਿਲ ਦੀ ਧੜਕਣ ਵੱਧ ਤੇਜ਼ ਹੈ
- ਤੁਹਾਡੇ ਬੱਚੇ ਦੀਆਂ ਅੱਖਾਂ ਧੱਸੀਆਂ ਹੋਈਆਂ ਹਨ
- ਤੁਹਾਡੇ ਬੱਚੇ ਦੀ ਚਮੜੀ ਸਲੇਟੀ ਜਿਹੇ ਰੰਗ ਦੀ ਹੈ





## ਸਿਰ ਤੇ ਚਪਟੇ (Flat) ਖੇਤਰ

ਕਿਉਂਕਿ ਤੁਹਾਡੇ ਬੱਚੇ ਦੀ ਖੋਪਰੀ ਨਰਮ ਹੈ, ਉਸ ਨੂੰ ਇੱਕ ਚਪਟਾ ਖੇਤਰ ਹੋ ਸਕਦਾ ਹੈ ਜੇ ਉਹ ਹਮੇਸ਼ਾ ਹੀ ਆਪਣੇ ਸਿਰ ਤੇ ਇੱਕੋ ਹੀ ਭਾਗ ਤੇ ਟਿਕਦਾ (ਰੈਸਟ ਕਰਦਾ) ਹੈ। ਸੰਭਾਵਨਾ ਹੈ ਕਿ ਇਹ ਆਪਣੇ ਆਪ ਠੀਕ ਹੋ ਜਾਵੇਗਾ।

### ਤੁਸੀਂ ਕੀ ਕਰ ਸਕਦੇ ਹੋ?

ਤੁਸੀਂ ਇਸ ਤਰ੍ਹਾਂ ਚਪਟੇ ਖੇਤਰਾਂ ਤੋਂ ਬਚਣ ਵਿੱਚ ਸਹਾਇਤਾ ਕਰ ਸਕਦੇ ਹੋ:

- ਆਪਣੇ ਬੱਚੇ ਦੇ ਜਾਗਦੇ ਹੋਣ ਦੌਰਾਨ ਦਿਨ ਵਿੱਚ ਕਈ ਵਾਰੀ ਨਿਗਰਾਨੀ ਵਾਲਾ ਟੰਮੀ ਟਾਇਮ ਕਰਕੇ (ਸਿਹਤਮੰਦ ਆਦਤਾਂ ਦੇਖੋ)
- ਆਪਣੇ ਬੱਚੇ ਨੂੰ ਫੜਨ ਲਈ ਵੱਖ ਵੱਖ ਸਥਿਤੀਆਂ ਵਰਤ ਕੇ
- ਉਸ ਨੂੰ ਇੱਕ ਦਿਨ ਉਸਦੇ ਸਿਰ ਨੂੰ ਕ੍ਰਿਬ ਦੇ ਇੱਕ ਪਾਸੇ ਵਲ ਅਤੇ ਦੂਸਰੇ ਦਿਨ ਦੂਸਰੇ ਪਾਸੇ ਵਲ ਲਿਟਾ ਕੇ (ਹਮੇਸ਼ਾ ਉਸਦੀ ਪਿੱਠ ਦੇ ਬਲ)
- ਬਾਉਂਸੀ ਸੀਟ, ਇੰਨਫੈਂਟ ਸਵਿੰਗ,ਸਟ੍ਰੋਲਰ ਅਤੇ ਕਾਰ ਸੀਟ ਵਿੱਚ ਸਮੇਂ ਨੂੰ 1 ਘੰਟੇ ਤੱਕ ਸੀਮਿਤ ਕਰਕੇ

### ਕੀ ਤੁਹਾਨੂੰ ਪਤਾ ਹੈ

ਤੁਹਾਡੇ ਬੱਚੇ ਦੇ ਸਿਰ ਤੇ ਇੱਕ ਚਪਟਾ ਖੇਤਰ ਉਸਦੇ ਦਿਮਾਗ ਦੇ ਵਿਕਾਸ ਨੂੰ ਪ੍ਰਭਾਵਿਤ ਨਹੀਂ ਕਰੇਗਾ।

### ਇਹ ਅਜ਼ਮਾਓ

ਜੇ ਤੁਸੀਂ ਲੰਬੀ ਦੂਰੀ ਲਈ ਡਰਾਇਵ ਕਰ ਰਹੇ ਹੋ, ਤਾਂ ਬ੍ਰੇਕਾਂ ਲਓ ਤਾਂਕਿ ਤੁਸੀਂ ਆਪਣੇ ਬੱਚੇ ਨੂੰ ਹਰ ਘੰਟੇ ਬਾਅਦ ਕਾਰ ਸੀਟ ਵਿੱਚੋਂ ਬਾਹਰ ਕੱਢ ਸਕੋ।